# ਭਾਰਤ-ਚੀਨ ਕੋਰ ਕਮਾਂਡਰ ਪੱਧਰੀ ਮੀਟਿੰਗ ਦੇ 19ਵੇਂ ਦੌਰ ਦੀ ਸਾਂਝੀ ਪ੍ਰੈਸ ਰਿਲੀਜ਼

15 ਅਗਸਤ, 2023

ਭਾਰਤ-ਚੀਨ ਕੋਰ ਕਮਾਂਡਰ ਪੱਧਰ ਦੀ ਮੀਟਿੰਗ ਦਾ 19ਵਾਂ ਦੌਰ 13-14 ਅਗਸਤ 2023 ਨੂੰ ਭਾਰਤ ਵਾਲੇ ਪਾਸੇ ਚੁਸ਼ੁਲ-ਮੋਲਡੋ ਸਰਹੱਦੀ ਮੀਟਿੰਗ ਪੁਆਇੰਟ 'ਤੇ ਆਯੋਜਿਤ ਕੀਤਾ ਗਿਆ ਸੀ।

ਦੋਵਾਂ ਧਿਰਾਂ ਨੇ ਪੱਛਮੀ ਸੈਕਟਰ ਵਿੱਚ ਐੱਲਏਸੀ ਦੇ ਨਾਲ ਬਾਕੀ ਰਹਿੰਦੇ ਮੁੱਦਿਆਂ ਦੇ ਹੱਲ ਲਈ ਸਾਰਥਕ, ਉਸਾਰੂ ਅਤੇ ਵਿਸਥਾਰਪੂਰਵਕ ਚਰਚਾ ਕੀਤੀ। ਲੀਡਰਸ਼ਿਪ ਦੇ ਮਾਰਗਦਰਸ਼ਨ ਅਨੁਸਾਰ, ਉਹਨਾਂ ਨੇ ਖੁੱਲ੍ਹੇ ਅਤੇ ਅਗਾਂਹਵਧੂ ਢੰਗ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

ਧਿਰਾਂ ਬਾਕੀ ਰਹਿੰਦੇ ਮੁੱਦਿਆਂ ਨੂੰ ਤੇਜ਼ੀ ਨਾਲ ਹੱਲ ਕਰਨ ਅਤੇ ਗੱਲਬਾਤ ਦੀ ਗਤੀ ਨੂੰ ਬਣਾਈ ਰੱਖਣ ਸਮੇਤ ਮੁੱਦਿਆਂ ਨੂੰ ਫੌਜੀ ਅਤੇ ਕੂਟਨੀਤਕ ਚੈਨਲਾਂ ਰਾਹੀਂ ਹੱਲ ਕਰਨ ਲਈ ਸਹਿਮਤ ਹੋਈਆਂ। ਅਖੀਰ 'ਤੇ ਦੋਵੇਂ ਧਿਰਾਂ ਸਰਹੱਦੀ ਖੇਤਰਾਂ ਵਿੱਚ ਜ਼ਮੀਨੀ ਪੱਧਰ 'ਤੇ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਲਈ ਵੀ ਸਹਿਮਤ ਹੋਈਆਂ।

**ਨਵੀਂ ਦਿੱਲੀ**
**15 ਅਗਸਤ, 2023**